# ਇਨਕਲਾਬੀ ਲਹਿਰ ਦੇ ਸ਼ੇਰੇ-ਪੰਜਾਬ
## ਭਾਅ ਜੀ ਗੁਰਸ਼ਰਨ ਸਿੰਘ

ਅਜਮੇਰ ਸਿੱਧੂ

27-28 ਸਤੰਬਰ ਦੀ ਰਾਤ ਸਿਹਤ ਠੀਕ ਨਹੀਂ ਸੀ। ਰਾਤ ਦੇ ਗਿਆਰਾਂ ਤਾਂ ਉਂਝ ਹੀ ਵੱਜ ਜਾਂਦੇ ਹਨ। ਮੈਂ ਆਪਣੇ ਟਾਈਮ ਮੁਤਾਬਕ ਪੈ ਗਿਆ ਸੀ। ਬਾਰ੍ਹਾਂ ਵਜੇ ਤੱਕ ਮੰਜੇ 'ਤੇ ਇਧਰ-ਉਧਰ ਪਾਸੇ ਮਾਰਦਾ ਰਿਹਾ। ਨੀਂਦ ਆਉਣ ਦਾ ਨਾਂ ਹੀ ਨਹੀਂ ਲੈ ਰਹੀ ਸੀ। ਸਗੋਂ ਅੱਖਾਂ ਪੱਥਰ ਹੋਈਆਂ ਪਈਆਂ ਸਨ। ਸਵੇਰੇ ਚੰਡੀਗੜ੍ਹ ਵੀ ਜਾਣਾ ਸੀ। 12.17 'ਤੇ ਕਿਸੇ ਅਨਜਾਣ ਨੰਬਰ ਤੋਂ ਸੈੱਲ ਫ਼ੋਨ 'ਤੇ ਮੈਸੇਜ ਆਇਆ। ਮੈਸੇਜ ਭਾਅ ਜੀ ਗੁਰਸ਼ਰਨ ਸਿੰਘ ਦੇ ਤੁਰ ਜਾਣ ਦਾ ਸੀ। ਫੇਰ ਮੈਂ ਭਾਅ ਜੀ ਬਾਰੇ ਸੋਚਣ ਲੱਗ ਪਿਆ। ਸ਼ੁਰੂਆਤੀ ਦੌਰ ਵਿਚ ਮੈਂ ਨਵਾਂ ਸ਼ਹਿਰ ਕਲਾ ਕੇਂਦਰ ਦੀ ਨਾਟਕ ਟੀਮ ਦਾ ਨਿਰਦੇਸ਼ਕ ਹੁੰਦਾ ਸੀ। ਉਦੋਂ ਭਾਅ ਜੀ ਦੀ ਤੇ ਮੇਰੀ ਦੋਵੇਂ ਨਾਟਕ ਟੀਮਾਂ ਇਕੱਠਿਆਂ ਨਾਟਕਾਂ ਦਾ ਮੰਚਨ ਕਰਦੀਆਂ ਰਹੀਆਂ ਹਨ। ਮੇਰੇ ਪਹਿਲੇ ਕਹਾਣੀ ਸੰਗ੍ਰਹਿ 'ਨਚੀਕੇਤਾ ਦੀ ਮੌਤ' ਦੀਆਂ ਸਭ ਤੋਂ ਵੱਧ ਕਾਪੀਆਂ ਉਨ੍ਹਾਂ ਵੇਚੀਆਂ। ਨਵਾਂ ਸ਼ਹਿਰ ਲੰਘਦੇ-ਵੜਦੇ ਮਿਲ ਵੀ ਜਾਂਦੇ ਸਨ। ਭਾਅ ਜੀ ਬਾਰੇ ਬਹੁਤ ਸਾਰੀਆਂ ਘਟਨਾਵਾਂ/ਗੱਲਾਂ ਸਨ, ਜਿਹੜੀਆਂ ਕਰਕੇ ਅਸੀਂ ਹੱਸਦੇ ਰਹਿੰਦੇ ਸਾਂ। ਉਹ ਸਾਰੀਆਂ ਯਾਦ ਆਉਣ ਲੱਗੀਆਂ। ਜਦੋਂ ਵੀ ਚੰਡੀਗੜ੍ਹ ਉਨ੍ਹਾਂ ਦੇ ਘਰ ਜਾਣਾ ਜਾਂ ਕਿਸੇ ਸਮਾਗਮ 'ਤੇ ਮਿਲਣਾ ਤਾਂ ਉਹਨਾਂ ਕਹਿਣਾ, "ਬਈ ਅਜਮੇਰ ਸਿਆਂ, ਹੁਣ ਤੇ ਅੱਤ ਹੋ ਗਈ ਜੇ। ਗ਼ਰੀਬ ਦਾ ਜੀਉਣਾ ਦੁੱਭਰ ਹੋ ਗਿਆ। ਆਹ ਜਿਹੜੇ ਵਿਹੜੇ ਵਾਲੇ ਆ ਇਹਨਾਂ ਬਾਰੇ ਜੇ ਅਸੀਂ ਲੋਗ ਕੁਝ ਨਹੀਂ ਕਰਾਂਗੇ, ਹੋਰ ਕੌਣ ਕਰੇਗਾ? ਇਹ ਬਹੁਤ ਵੱਡਾ ਸਵਾਲ ਆ। ਹੁਣ ਤੇ ਲੋਗਾਂ ਨੂੰ ਜਗਾਈਏ।"

ਸ਼ਾਇਦ ਤੜਕਾ ਹੋ ਗਿਆ ਸੀ। ਬਾਬਾ ਲੋਕਾਂ ਨੂੰ ਜਗਾਉਣ ਦਾ ਹੋਕਾ ਦੇ ਰਿਹਾ ਸੀ ਤੇ ਮੈਂ ਸੌਂ ਗਿਆ ਸੀ। ਜਦੋਂ ਮੇਰੀ ਅੱਖ ਖੁੱਲ੍ਹੀ, ਚੰਗਾ ਦਿਨ ਚੜ੍ਹ ਆਇਆ ਸੀ। ਚਿੱਤ ਕਰਦਾ ਸੀ ਸੌਂ ਲਵਾਂ। ਪਰ ਉਸ ਦਿਨ ਸੋਇਆ ਨਹੀਂ ਜਾ ਸਕਦਾ ਸੀ। ਸਾਰੀ ਰਾਤ ਬਾਬਾ ਜਾਗਣ ਦੇ ਹੋਕੇ ਦੇਈ ਗਿਆ ਸੀ। ਮੈਂ ਤਿਆਰ ਹੋ ਕੇ ਬਾਬਾ ਜੀ ਦੇ ਅੰਤਮ ਦਰਸ਼ਨਾਂ ਲਈ ਬੱਸ ਅੱਡੇ ਦੀ ਉਡੀਕ ਕਰਨ ਲੱਗਾ।

ਉਸ ਦਿਨ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਸੀ। ਪੰਜਾਬ ਦੀਆਂ, ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਤੇ ਵਿਦਿਆਰਥੀਆਂ ਦੀਆਂ ਕਰੀਬ ਤਿੰਨ ਦਰਜਨ ਜਥੇਬੰਦੀਆਂ ਦੇ ਕਾਰਕੁੰਨ ਦੋ ਕਾਲੇ ਕਾਨੂੰਨਾਂ (ਪੰਜਾਬ ਜਨਤਕ ਅਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਬਿੱਲ 2010 ਅਤੇ ਪੰਜਾਬ ਵਿਸ਼ੇਸ਼ ਸੁਰੱਖਿਆ ਗਰੁੱਪ 2010) ਦਾ ਵਿਰੋਧ ਕਰਕੇ ਸ਼ਹੀਦ ਦਾ ਜਨਮ ਦਿਨ ਮਨਾਉਣਾ ਚਾਹੁੰਦੀਆਂ ਸਨ। ਮੈਂ ਵੀ ਉਨ੍ਹਾਂ ਦੀ ਬੱਸ ਵਿਚ ਚੜ੍ਹ ਗਿਆ। ਇਕ ਵਜੇ ਦੇ ਕਰੀਬ ਜਿਉਂ ਹੀ ਜਥੇਬੰਦੀਆਂ ਦੇ ਵਾਹਨ ਚੰਡੀਗੜ੍ਹ ਵਿਚ ਦਾਖ਼ਲ ਹੋਣ ਲੱਗੇ ਤਾਂ

ਚੰਡੀਗੜ੍ਹ ਦੀ ਪੁਲਿਸ ਨੇ ਉਨ੍ਹਾਂ ਨੂੰ ਰੋਕ ਲਿਆ। ਸ਼ਹਿਰ ਵਿਚ ਦਾਖਲੇ ਦੀ ਇਜਾਜ਼ਤ ਨਾ ਦੇਣ ਕਾਰਨ ਪ੍ਰਦਰਸ਼ਨਕਾਰੀਆਂ ਨੇ ਮੌਕੇ 'ਤੇ ਹੀ ਆਪਣਾ ਪੈਂਤੜਾ ਬਦਲਦਿਆਂ ਬਲੌਂਗੀ ਲਾਈਟ ਪੁਆਇੰਟ 'ਤੇ ਜਾਮ ਲਾ ਦਿੱਤਾ। ਉਨ੍ਹਾਂ ਵਿਚ ਰੋਸ ਸੀ ਕਿ ਉਨ੍ਹਾਂ ਨੂੰ ਆਪਣੀ ਹੀ ਰਾਜਧਾਨੀ ਵਿਚ ਦਾਖਲ ਨਹੀਂ ਹੋਣ ਦਿੱਤਾ ਜਾ ਰਿਹਾ। ਜਾਮ ਏਨਾ ਜ਼ਬਰਦਸਤ ਸੀ ਕਿ ਕਿਸੇ ਪਾਸੇ ਤੋਂ ਵੀ ਨਿਕਲਿਆ ਨਹੀਂ ਸੀ ਜਾ ਸਕਦਾ। ਮੈਂ ਬਾਬਾ ਜੀ ਦੇ ਦਰਸ਼ਨਾਂ ਲਈ ਹੱਥ-ਪੈਰ ਮਾਰਨ ਲੱਗਾ। ਪਤਾ ਲੱਗਾ ਕਿ ਪੰਜਾਬ ਭਰ ਤੋਂ ਪ੍ਰਦਰਸ਼ਨਕਾਰੀ ਆਏ ਹੋਏ ਹਨ ਅਤੇ ਉਨ੍ਹਾਂ ਜੀਰਕਪੁਰ, ਲਾਂਡਰਾਂ ਸਮੇਤ ਹਰ ਪਾਸੇ ਤੋਂ ਚੰਡੀਗੜ੍ਹ ਨੂੰ ਸੀਲ ਕਰ ਦਿੱਤਾ ਹੋਇਆ ਹੈ। ਫੇਰ ਕੀ ਸੀ? ਚੰਡੀਗੜ੍ਹ ਨੂੰ ਸੀਲ ਕਰਨ ਵਾਲੇ ਆਗੂਆਂ ਹਰਦੇਵ ਸਿੰਘ ਸੰਧੂ, ਗੁਰਮੀਤ ਸਿੰਘ ਬਖਤਪੁਰਾ, ਦਾਤਾਰ ਸਿੰਘ, ਕੁਲਵਿੰਦਰ ਸਿੰਘ ਵੜੈਚ, ਗੁਰਬਖਸ਼ ਕੌਰ ਸੰਘਾ, ਤਰਸੇਮ ਪੀਟਰ, ਭੁਪਿੰਦਰ ਸਿੰਘ ਵੜੈਚ, ਜਗਮਨਜੀਤ ਆਦਿ ਦੇ ਭਾਸ਼ਣ ਸੁਣਨ ਲੱਗਾ।

ਮੈਂ ਆਗੂਆਂ ਦੇ ਭਾਸ਼ਣਾਂ ਤੋਂ ਜਲਦੀ ਉਕਤਾ ਗਿਆ। ਮੇਰੀ ਰੂਹ ਭਾਅ ਜੀ ਵਿਚ ਸੀ। ਚੰਡੀਗੜ੍ਹ ਵਾਲੇ ਪਾਸੇ ਪੁਲਿਸ ਹੀ ਪੁਲਿਸ ਸੀ। ਪਰ ਆਗੂਆਂ ਦੀਆਂ ਉਂਗਲੀਆਂ ਚੰਡੀਗੜ੍ਹ ਦੇ ਹਾਕਮਾਂ ਵੱਲ ਸਨ। ਮੈਨੂੰ 22 ਮਾਰਚ 1987 ਦਾ ਦਿਨ ਯਾਦ ਆ ਗਿਆ। ਉਦੋਂ ਮੈਂ ਸਕੂਲ ਦਾ ਵਿਦਿਆਰਥੀ ਸੀ। ਸਾਡੇ ਪਿੰਡਾਂ ਵਿਚ ਕਾਮਰੇਡਾਂ ਦਾ ਬੜਾ ਜ਼ੋਰ ਹੁੰਦਾ ਸੀ। ਆਏ ਦਿਨ ਕੁਝ ਨਾ ਕੁਝ ਕਰਦੇ ਰਹਿੰਦੇ ਸਨ। ਰਾਤਾਂ ਨੂੰ ਭਾਅ ਜੀ ਗੁਰਸ਼ਰਨ ਸਿੰਘ ਦੇ ਨਾਟਕ ਹੁੰਦੇ। ਜਦੋਂ ਭਾਅ ਜੀ ਦੀ ਟੀਮ ਨਾਟਕ 'ਧਮਕ ਨਗਾਰੇ ਦੀ' ਖੇਡਦੀ ਤਾਂ ਫਿਜ਼ਾ ਵਿਚ ਦੁੱਲੇ ਦੇ ਬੋਲ ਗੂੰਜਦੇ:

"ਮੈਂ ਢਾਹਵਾਂ ਦਿੱਲੀ ਦੇ ਕਿੰਗਰੇ।...."

ਉਦੋਂ ਭਾਅ ਜੀ ਦਾ ਗੜਕਾ ਸੁਣਨ ਵਾਲਾ ਹੁੰਦਾ ਸੀ। ਜਗਮੋਹਨ ਜੋਸ਼ੀ ਦੇ ਗੀਤ **'ਹਰ ਦਿਲ ਮੇਂ ਬਗ਼ਾਵਤ ਕੇ ਸ਼ੋਅਲੇ ਕੋ ਜਗਾ ਦੇਂਗੇ, ਹਮ ਜੰਗੇ-ਅਵਾਮੀ ਹੈਂ, ਕੁਹਰਾਮ ਮਚਾ ਦੇਂਗੇ'** ਦਾ ਐਕਸ਼ਨ ਸੌਂਗ ਦਾ ਕਮਾਲ ਤਾਂ ਭਾਅ ਜੀ ਹੀ ਕਰ ਸਕਦੇ ਹਨ। ਲੋਕਾਂ ਦਾ ਖ਼ੂਨ ਉਬਾਲੇ ਖਾਣ ਲੱਗਦਾ। ਉਹ ਕੁਝ ਕਰਨਾ ਲੋਚਦੇ ਤੇ ਜੋਸ਼ ਵਿਚ ਹੱਥਾਂ ਦੇ ਮੁੱਕੇ ਬਣਾ ਲੈਂਦੇ। ਉਦੋਂ ਸਾਨੂੰ ਨਿਆਣਿਆਂ ਨੂੰ ਇਨ੍ਹਾਂ ਗੱਲਾਂ ਦੀ ਸਮਝ ਨਹੀਂ ਸੀ। ਸਾਨੂੰ ਤਾਂ ਸਿਰਫ਼ ਨਾਟਕ ਦੇਖਣ ਦਾ 'ਭੁੱਸ' ਸੀ। ਇਸ ਭੁੱਸ ਦੇ ਪੱਟਿਓਂ ਹੀ ਅਸੀਂ 4-5 ਜਣੇ 22 ਮਾਰਚ 1987 ਨੂੰ ਖਟਕੜ ਕਲਾਂ ਚਲੇ ਗਏ। ਖ਼ਬਰ ਇਹ ਸੀ ਕਿ ਭਾਅ ਜੀ ਗੁਰਸ਼ਰਨ ਸਿੰਘ ਹੁਰੀਂ ਉਥੇ ਦਿਨੇ ਵੀ ਤੇ ਰਾਤ ਨੂੰ ਵੀ ਨਾਟਕ ਖੇਡਣਗੇ।

ਇਹ ਪੰਜਾਬ ਸੰਕਟ ਦੇ ਦਿਨ ਸਨ। ਸਾਰੇ ਪਾਸੇ ਦਹਿਸ਼ਤ ਵਾਲਾ ਮਾਹੌਲ ਸੀ। ਏ.ਕੇ. 47 ਅਸਾਲਟਾਂ ਅੱਗ ਉਗਲ ਰਹੀਆਂ ਸਨ। ਖ਼ਾਕੀ ਵਰਦੀ ਲੋਕਾਂ ਦਾ ਖ਼ੂਨ ਚੂਸ ਰਹੀ ਸੀ। ਘਰੋਂ ਨਿਕਲੇ ਬੰਦੇ ਦਾ ਪਤਾ ਨਹੀਂ ਸੀ ਹੁੰਦਾ ਕਿ ਸ਼ਾਮ ਨੂੰ ਵਾਪਸ ਆ ਵੀ ਜਾਏਗਾ ਜਾਂ ਨਹੀਂ। ਉਨ੍ਹਾਂ ਦਿਨਾਂ ਵਿਚ ਅਖ਼ਬਾਰਾਂ ਦੀਆਂ ਸੁਰਖੀਆਂ ਲਹੂ ਨਾਲ ਲਿੱਬੜੀਆਂ ਹੁੰਦੀਆਂ ਸਨ। ਨਾ ਲੋਕ ਦਿਨੇ ਸੁਰੱਖਿਅਤ ਸਨ ਤੇ ਨਾ ਰਾਤ ਨੂੰ। ਉਸ ਵੇਲੇ ਗੁਰਸ਼ਰਨ ਸਿੰਘ ਦੀ ਹਮਾਇਤੀ ਧਿਰ ਭਾਵ ਨਕਸਲੀਏ ਤਾਂ ਦਿੱਲੀ ਦੇ ਕਿੰਗਰੇ ਢਾਹੁਣ ਬਾਰੇ ਲੋਕਾਂ ਨੂੰ ਹੋਕਾ ਦੇ ਰਹੇ ਸਨ। ਉਂਝ ਤਾਂ ਐਮਰਜੈਂਸੀ ਨੇ ਹੀ ਨਕਸਲੀਆਂ ਨੂੰ ਖੁੱਡੇ ਲਾਈਨ ਲਾ ਦਿੱਤਾ ਸੀ।

ਐਮਰਜੈਂਸੀ ਤੋਂ ਬਾਅਦ ਇਹ ਸਿਰ ਚੁੱਕਣ ਹੀ ਲੱਗੇ ਸਨ, ਉਦੋਂ ਹੀ ਕੇਂਦਰ ਸਰਕਾਰ ਨੇ ਦਹਿਸ਼ਤਗਰਦੀ ਦੀ ਗਾਜ ਇਨ੍ਹਾਂ ਦੇ ਉਪਰ ਸੁੱਟ ਦਿੱਤੀ। ਕੇਂਦਰ ਸਰਕਾਰ ਅਤੇ ਦਹਿਸ਼ਤਗਰਦ ਰਲ ਕੇ ਪੰਜਾਬ ਦੇ ਲੋਕਾਂ ਨਾਲ ਖੇਡਣ ਲੱਗੇ। ਉਨ੍ਹਾਂ ਲਈ ਸਭ ਤੋਂ ਵੱਡਾ ਚੈਲੰਜ ਉਹ ਨਕਸਲੀ ਆਗੂ ਸਨ, ਜਿਨ੍ਹਾਂ ਦਾ ਲੋਕਾਂ ਵਿਚ ਆਧਾਰ ਸੀ। ਉਨ੍ਹਾਂ ਨੇ ਇਹ ਆਧਾਰ ਖ਼ਤਮ ਕਰਨ ਲਈ ਨਕਸਲੀ ਆਗੂਆਂ ਨੂੰ ਹੀ ਖ਼ਤਮ ਕਰਨ ਦਾ ਬੀੜਾ ਚੁੱਕ ਲਿਆ।

ਅੰਮ੍ਰਿਤਸਰ ਜ਼ਿਲ੍ਹੇ ਵਿਚ ਲੋਕਾਂ ਦੇ ਸਭ ਤੋਂ ਵੱਧ ਹਰਮਨ ਪਿਆਰੇ ਨਕਸਲੀ ਆਗੂ ਸਨ ਬਲਦੇਵ ਸਿੰਘ ਮਾਨ। 26 ਸਤੰਬਰ 1986 ਨੂੰ ਖਾਲਿਸਤਾਨ ਕਮਾਂਡੋ ਫੋਰਸ ਦੇ ਜਨਰਲ ਲਾਭ ਸਿੰਘ ਵਾਲੇ ਧੜੇ ਨੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ। ਇਸ ਤੋਂ ਬਾਅਦ ਮਾਨ ਦੇ ਕਾਤਲ ਵੀ ਮਾਰ ਦਿੱਤੇ ਗਏ। ਫੇਰ ਖਾਲਿਸਤਾਨੀਆਂ ਅਤੇ ਨਕਸਲੀਆਂ ਵਿਚਕਾਰ ਲੜਾਈ ਛਿੜ ਪਈ। ਉਦੋਂ ਭਾਅ ਜੀ ਗੁਰਸ਼ਰਨ ਸਿੰਘ ਨੂੰ ਲੱਗਾ ਕਿ ਲੜਾਈ ਕਿਸੇ ਹੋਰ ਪਾਸੇ ਨੂੰ ਚੱਲੀ ਹੈ। ਉਨ੍ਹਾਂ ਨਕਸਲੀ ਧਿਰਾਂ ਨੂੰ ਸੱਦਾ ਦਿੱਤਾ ਕਿ ਉਹ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਇਕੱਠੇ ਹੋਣ। ਉਨ੍ਹਾਂ ਦੀ ਅਗਵਾਈ ਹੇਠ 1987 ਵਿਚ 'ਇਨਕਲਾਬੀ ਏਕਤਾ ਕੇਂਦਰ ਪੰਜਾਬ' ਬਣਿਆ। ਇਸ 'ਕੇਂਦਰ' ਨੇ ਖਾਲਿਸਤਾਨੀ ਤੇ ਸਰਕਾਰੀ ਦਹਿਸ਼ਤਗਰਦੀ ਦੇ ਬਦਲ ਵਜੋਂ ਲੋਕਾਂ ਨੂੰ ਇਨਕਲਾਬੀ ਬਦਲ ਦੇਣ ਲਈ ਇਕ ਪ੍ਰੋਗਰਾਮ ਉਲੀਕਿਆ। ਇਹ ਭਾਅ ਜੀ ਗੁਰਸ਼ਰਨ ਸਿੰਘ ਦੀ ਪ੍ਰਾਪਤੀ ਸੀ ਕਿ ਇਨ੍ਹਾਂ ਤਿੱਖੇ ਮੱਤਭੇਦਾਂ ਵਾਲੀਆਂ ਨਕਸਲੀ ਧਿਰਾਂ ਨੂੰ ਇਕ ਥਾਂ ਇਕੱਠੇ ਕੀਤਾ। ਲੜਾਈ ਦਾ ਰੁਖ਼ ਸਟੇਟ ਵੱਲ ਕੀਤਾ। ਲੋਕਾਂ ਨੂੰ ਆਰਥਿਕ ਅਤੇ ਰਾਜਨੀਤਿਕ ਮੁੱਦਿਆਂ 'ਤੇ ਕੇਂਦਰਤ ਕੀਤਾ। ਇਹਦੀ ਪਹਿਲੀ ਲੜੀ ਵਜੋਂ ਸਾਰੇ ਪੰਜਾਬ ਵਿਚ ਇਨਕਲਾਬੀ ਮਾਰਚ ਕੀਤਾ ਗਿਆ। ਇਹ ਮਾਰਚ ਅੰਮ੍ਰਿਤਸਰ ਜ਼ਿਲ੍ਹੇ ਤੋਂ ਸ਼ੁਰੂ ਹੋਇਆ ਅਤੇ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਖ਼ਤਮ ਹੋਣਾ ਸੀ।

ਉਸ ਦਿਨ ਜਦੋਂ ਅਸੀਂ ਖਟਕੜ ਕਲਾਂ ਪੁੱਜੇ, ਲੋਕ ਵੱਡੀ ਗਿਣਤੀ ਵਿਚ ਸਨ। ਉਹ ਲਾਲ ਝੰਡੇ ਫੜੀ, ਨਾਅਰੇ ਲਾਉਂਦੇ ਹੋਏ ਅੱਗੇ ਵਧ ਰਹੇ ਸਨ। ਉਹ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਸਲਾਮੀ ਦੇਣ ਜਾ ਰਹੇ ਸਨ। ਉਸੀ ਵਕਤ ਸੀ.ਆਰ.ਪੀ. ਐਫ. ਦੇ ਜੁਆਨਾਂ ਨੇ ਉਨ੍ਹਾਂ ਨੂੰ ਰੋਕ ਲਿਆ ਸੀ। ਪਤਾ ਲੱਗਾ ਕਿ ਅਗਲੇ ਦਿਨ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਨ 'ਤੇ ਪੰਜਾਬ ਦਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਅਤੇ ਰੇਅ-ਰਿਬੈਰੋ ਪੁੱਜ ਰਹੇ ਹਨ। ਸਰਕਾਰੀ ਤੌਰ 'ਤੇ ਖਟਕੜ ਕਲਾਂ ਵਿਚ ਇਕੋ ਹੀ ਸਟੇਜ ਲੱਗੇਗੀ। ਸਭ ਪਾਰਟੀਆਂ ਭਾਵ ਕਾਂਗਰਸ, ਅਕਾਲੀ, ਭਾਜਪਾ, ਕਮਿਊਨਿਸਟ....ਆਦਿ ਇਕੋ ਮੰਚ ਤੋਂ ਸੰਬੋਧਨ ਕਰਨਗੀਆਂ। ਸੀ.ਆਰ.ਪੀ.ਐਫ. ਵਾਲੇ ਕਹਿ ਰਹੇ ਸਨ:

"ਤੁਸੀਂ ਵੀ ਸਰਕਾਰੀ ਸਟੇਜ ਤੋਂ ਬੋਲ ਲੈਣਾ।"

ਨਵਾਂ ਸ਼ਹਿਰ ਇਲਾਕੇ ਦਾ ਨਕਸਲੀ ਆਗੂ ਮਾਸਟਰ ਗਿਆਨ ਸਿੰਘ ਸੰਘਾ ਵੀ ਬਲਦੇਵ ਸਿਘ ਮਾਨ ਦੇ ਕੱਦ-ਕਾਠ ਜਿੱਡਾ ਆਗੂ ਸੀ। ਉਸ ਦੀ ਪਛਾਣ ਪੁਲਿਸ ਅਤੇ ਪ੍ਰਸ਼ਾਸਨ ਦੇ ਵੱਡੇ ਅਧਿਕਾਰੀਆਂ ਨੂੰ ਵਖਤ ਪਾਉਣ ਵਾਲੇ ਵਜੋਂ ਹੋਈ ਸੀ। ਉਹ ਸਭ ਤੋਂ ਅੱਗੇ ਸੀ। ਉਹ ਸੀ.ਆਰ.ਪੀ.ਐਫ. ਦੇ ਅਧਿਕਾਰੀਆਂ ਨੂੰ ਪੈ ਰਿਹਾ ਸੀ। ਸਾਨੂੰ ਲੱਗਾ ਕਿ ਕਿਸੇ ਸਮੇਂ ਵੀ ਗੋਲੀ ਚੱਲ ਸਕਦੀ ਹੈ। ਕਾਮਰੇਡ ਸੰਘਾ ਬਹੁਤ ਤੱਤਾ ਸੀ। ਉਹ ਕਿਸੇ ਵੀ ਅਫਸਰ

ਦਾ ਕਾਲਰ ਫੜ ਕੇ ਚਾਰ ਚਪੇੜਾਂ ਜੜ ਦਿੰਦਾ ਸੀ। ਪੰਜਾਬ ਦੇ ਅਫਸਰ ਤਾਂ ਉਹਨੂੰ ਜਾਣਦੇ ਸਨ ਤੇ ਉਹ ਸੀ.ਆਰ.ਪੀ.ਐਫ. ਵਾਲੇ....। ਆਖਿਰ ਉਸ ਨੇ ਪੰਗਾ ਪਾ ਹੀ ਲਿਆ। ਸੀ.ਆਰ.ਪੀ.ਐਫ. ਦੇ ਅਧਿਕਾਰੀਆਂ ਨੇ ਆਪਣੇ ਜੁਆਨਾਂ ਨੂੰ ਰਫਲਾਂ ਸਿੱਧੀਆਂ ਕਰਨ ਲਈ ਕਹਿ ਦਿੱਤਾ। ਉਸੇ ਵੇਲੇ ਭਾਅ ਜੀ ਗੁਰਸ਼ਰਨ ਸਿੰਘ ਛਾਤੀ ਤਾਣ ਕੇ ਰਫਲਾਂ ਦੇ ਅੱਗੇ ਹੋ ਗਏ।

"ਹਾਂ, ਭਾਈ! ਚਲਾਓ ਗੋਲੀ। ਮੇਰੇ ਮਾਰੋ ਗੋਲੀ।"

ਕੋਈ ਵੀ ਦੋਨਾਂ ਪਾਸਿਆਂ ਤੋਂ ਨਾ ਬੋਲਿਆ। ਬਾਬਾ ਜੀ ਆਪਣੇ ਲੋਕਾਂ ਨੂੰ ਸੰਬੋਧਨ ਹੋਏ।

"ਇਹ ਸ਼ਹੀਦ ਸਾਡਾ ਏ। ਇਨ੍ਹਾਂ ਦਾ ਨਹੀਂ ਜੇ। ਅਸੀਂ ਇਨ੍ਹਾਂ ਨੂੰ ਕਹਿ ਚੁੱਕੇ ਆਂ ਕਿ ਅਸੀਂ ਸਰਕਾਰੀ ਆਦਮੀ ਨਈਂ ਆਂ। ਅਸੀਂ ਨਪੀੜੇ ਜਾ ਰਹੇ ਲੋਗਾਂ ਵਿੱਚੋਂ ਆਂ। ਇਹ ਲੋਕ ਰਲ-ਮਿਲ ਕੇ ਪੰਜਾਬ ਨੂੰ ਤਬਾਹ ਕਰਨ 'ਤੇ ਤੁੱਲੇ ਹੋਏ ਆ। ਅਸੀਂ ਇਨ੍ਹਾਂ ਅਧਿਕਾਰੀਆਂ ਨੂੰ ਸਪੱਸ਼ਟ ਕਰ ਦੇਣਾ ਚਾਹੁੰਦੇ ਆਂ। ਅਸੀਂ ਪਿੱਛੇ ਆਪਣੀ ਵੱਖਰੀ ਸਟੇਜ ਲਾ ਲਵਾਂਗੇ। ਪਰ ਅਸੀਂ ਆਪਣੇ ਸ਼ਹੀਦ ਨੂੰ ਸਲਾਮੀ ਜ਼ਰੂਰ ਦੇਣੀ ਜੇ।"

ਸੀ.ਆਰ.ਪੀ.ਐਫ. ਦੇ ਜੁਆਨਾਂ ਨੇ ਆਪਣੀਆਂ ਰਫਲਾਂ ਦੇ ਲੌਕ ਖੋਲ੍ਹ ਲਏ ਸਨ। ਉਨ੍ਹਾਂ ਨੇ ਲੋਕਾਂ ਵੱਲ ਨਿਸ਼ਾਨੇ ਸੇਧ ਲਏ ਸਨ ਤੇ ਸਾਫ ਕਹਿ ਦਿੱਤਾ ਸੀ ਕਿ ਜੇ ਤੁਸੀਂ ਅੱਗੇ ਵਧੇ ਤਾਂ ਗੋਲੀ ਚਲਾ ਦਿੱਤੀ ਜਾਏਗੀ। ਭਾਅ ਜੀ ਗੁਰਸ਼ਰਨ ਸਿੰਘ ਰੋਹ ਵਿਚ ਆ ਗਏ।

"ਹਾਂ, ਬਈ। ਮੇਰੇ ਆਪਣੇ ਜੁਆਨੋ। ਜਿਨ੍ਹਾਂ ਕੋਲ ਰਫਲਾਂ ਨੇ, ਉਹ ਵੀ ਇਨ੍ਹਾਂ ਵੱਲ ਸੇਧ ਲਓ। ਜੇ ਇਹ ਪਹਿਲ ਕਰਨ ਤਾਂ ਤੁਸੀਂ ਵੀ ਗੋਲੀ ਚਲਾ ਦੇਣਾ।"

ਕਾਮਰੇਡਾਂ ਨੇ ਆਪਣੀਆਂ ਰਫਲਾਂ ਸੀ.ਆਰ.ਪੀ.ਐਫ. ਦੇ ਜੁਆਨਾਂ ਵੱਲ ਸੇਧ ਲਈਆਂ। ਕਾਮਰੇਡ ਸੰਘੇ ਹੁਰਾਂ ਨੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਲੋਕਾਂ ਵਿਚ ਜੋਸ਼ ਭਰ ਗਿਆ। ਉਹ ਅੱਗੇ ਵਧਣ ਲੱਗੇ। ਮੇਰੀਆਂ ਡਰ ਨਾਲ ਲੱਤਾਂ ਕੰਬੀ ਜਾਣ। ਮੈਨੂੰ ਲੱਗਣ ਲੱਗਾ ਕਿ ਗੋਲੀ ਚੱਲਣ ਹੀ ਵਾਲੀ ਹੈ। ਉਸੇ ਵਕਤ ਨਵਾਂ ਸ਼ਹਿਰ ਅਤੇ ਜਲੰਧਰ ਵੱਲੋਂ ਉੱਚ ਅਧਿਕਾਰੀਆਂ ਦੀਆਂ ਗੱਡੀਆਂ ਹਾਰਨ ਵਜਾਉਂਦੀਆਂ ਆਉਣ ਲੱਗੀਆਂ। ਅਫਸਰਾਂ ਨੇ ਉਤਰਦਿਆਂ ਹੀ ਭਾਅ ਜੀ ਗੁਰਸ਼ਰਨ ਸਿੰਘ, ਮਾਸਟਰ ਸੰਘਾ ਜੀ ਤੇ ਹੋਰ ਆਗੂਆਂ ਨਾਲ ਗੱਲਬਾਤ ਕੀਤੀ। ਫੈਸਲਾ ਹੋਇਆ ਕਿ ਉਹ ਆਪਣੇ ਸ਼ਹੀਦ ਨੂੰ ਸਲਾਮੀ ਦੇ ਸਕਦੇ ਹਨ। ਪਰ ਸਟੇਜ ਕਾਹਮਾ ਪਿੰਡ ਵਿਚ ਲਾਉਣਗੇ। ਕੁਝ ਮਿੰਟਾਂ ਬਾਅਦ ਹੀ ਸ਼ਹੀਦ ਨੂੰ ਸਲਾਮੀ ਦਿੱਤੀ ਜਾ ਰਹੀ ਸੀ। ਨਾਅਰਿਆਂ ਦੀ ਆਵਾਜ਼ ਉੱਚੀ ਹੋ ਗਈ ਸੀ।

ਨਾਅਰੇ ਤਾਂ ਇਥੇ ਬਲੌਂਗੀ ਲਾਈਟ ਪੁਆਇੰਟ 'ਤੇ ਵੀ ਲੱਗ ਰਹੇ ਸਨ। ਟਾਈਮ ਸ਼ਾਮ ਦੇ 6 ਵਜੇ ਤੋਂ ਉਤੇ ਹੋ ਗਿਆ ਸੀ। ਜਾਮ ਜਿਉਂ ਦਾ ਤਿਉਂ ਸੀ। ਹੁਣ ਤਾਂ ਬਾਬਾ ਜੀ ਦੇ ਦਰਸ਼ਨ ਵੀ ਨਹੀਂ ਹੋ ਸਕਦੇ ਸਨ। ਉਨ੍ਹਾਂ ਨੂੰ ਅਗਨੀ ਦਿੱਤੀ ਜਾ ਚੁੱਕੀ ਸੀ। ਮੇਰੇ ਅੰਦਰ ਕੁਝ ਟੁੱਟ-ਭੱਜ ਰਿਹਾ ਸੀ। ਉਸੇ ਵਕਤ ਲਾਊਡ ਸਪੀਕਰ ਵਿਚੋਂ ਕੁਲਵਿੰਦਰ ਸਿੰਘ ਵੜੈਚ ਦੀ ਆਵਾਜ਼ ਆਈ:

"ਮੇਰੇ ਲੋਕੋ, ਸਾਡਾ ਸੰਗਰਾਮੀ ਸਾਥੀ, ਸਾਡਾ ਸਾਰਿਆਂ ਦਾ ਭਾਅ ਜੀ ਗੁਰਸ਼ਰਨ ਸਿੰਘ ਸਾਡੇ ਵਿਚਕਾਰ ਨਹੀਂ ਰਿਹਾ। ਅਸੀਂ ਸਾਰੇ ਉਨ੍ਹਾਂ ਦੇ ਅੰਤਮ ਦਰਸ਼ਨ ਵੀ ਨਹੀਂ ਕਰ ਸਕੇ।

ਪਰ ਸਾਨੂੰ ਇਸ ਗੱਲ ਦਾ ਗ਼ਮ ਨਹੀਂ ਹੈ ਕਿਉਂਕਿ ਉਸ ਯੋਧੇ ਨੇ ਸਾਰੀ ਉਮਰ ਦੱਬਿਆਂ-ਕੁਚਲਿਆਂ ਨੂੰ ਲੜਾਈ ਲਈ ਹੋਕਾ ਦਿੱਤਾ। ਅੱਜ ਅਸੀਂ ਉਨ੍ਹਾਂ ਦੇ ਕਹਿਣ ਮੂਜਬ ਹੀ ਲੜਾਈ ਦੇ ਮੈਦਾਨ ਵਿਚ ਹਾਂ। ਇਹ ਵੀ ਤੇ ਇਕ ਲੜਨ ਦਾ ਤਰੀਕਾ ਹੁੰਦਾ ਏ। ਇਹ ਵੀ ਤੇ ਬਾਬੇ ਨੂੰ ਸ਼ਰਧਾਂਜਲੀ ਦੇਣ ਦਾ ਇਕ ਤਰੀਕਾ ਹੁੰਦਾ ਏ।"

ਵੜੈਚ ਦੇ ਬੋਲ਼ਾਂ ਨੇ ਮੇਰੇ ਅੰਦਰ ਠਾਰ ਪਾਈ ਸੀ। ਜਿਵੇਂ ਦੁਪਹਿਰ ਦਾ ਮੈਂ ਆਪਣੇ ਆਪ ਨੂੰ ਦੋਸ਼ੀ ਗਿਣ ਰਿਹਾ ਸੀ। ਹੁਣ ਲੱਗਾ ਕਿ ਬਾਬੇ ਨੂੰ ਸ਼ਰਧਾਂਜਲੀ ਦੇਣ ਦਾ ਸੱਚਮੁੱਚ ਇਹ ਵੀ ਤਰੀਕਾ ਹੋ ਸਕਦਾ।

94630-63990